**ਪ੍ਰਧਾਨ ਮੰਤਰੀ ਨੇ 14ਵੇਂ ਭਾਰਤ-ਫਰਾਂਸ CEO ਫੋਰਮ ਨੂੰ ਸੰਬੋਧਿਤ ਕੀਤਾ (11 ਫਰਵਰੀ, 2025)**

11 ਫਰਵਰੀ, 2025

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਫਰਾਂਸ ਦੇ ਰਾਸ਼ਟਰਪਤੀ ਮਹਾਮਹਿਮ ਸ਼੍ਰੀ ਇਮੈਨੂਅਲ ਮੈਕਰੋਨ ਨੇ ਅੱਜ ਪੈਰਿਸ ਵਿੱਚ 14ਵੇਂ ਭਾਰਤ-ਫਰਾਂਸ CEO ਫੋਰਮ ਨੂੰ ਸੰਬੋਧਿਤ ਕੀਤਾ। ਫੋਰਮ ਵਿੱਚ ਰੱਖਿਆ, ਏਅਰੋਸਪੇਸ, ਮਹੱਤਵਪੂਰਨ ਅਤੇ ਉੱਭਰਦੀ ਤਕਨਾਲੋਜੀਆਂ, ਬੁਨਿਆਦੀ ਢਾਂਚਾ, ਐਡਵਾਂਸਡ ਮੈਨੂਫੈਕਚਰਿੰਗ, ਆਰਟੀਫਿਸ਼ਲ ਇੰਟੈਲੀਜੈਂਸ, ਜੀਵਨ-ਵਿਗਿਆਨ, ਤੰਦਰੁਸਤੀ ਅਤੇ ਜੀਵਨ-ਸ਼ੈਲੀ ਅਤੇ ਭੋਜਨ ਅਤੇ ਪਰਾਹੁਣਚਾਰੀ ਵਰਗੇ ਸੈਕਟਰਾਂ 'ਤੇ ਧਿਆਨ ਕੇਂਦਰਿਤ ਕਰਦਿਆਂ ਦੋਵਾਂ ਪੱਖਾਂ ਦੀਆਂ ਵੱਖ-ਵੱਖ ਕੰਪਨੀਆਂ ਦੇ CEO ਇਕੱਠੇ ਹੋਏ।

2. ਆਪਣੇ ਸੰਬੋਧਨ ਵਿੱਚ, ਪ੍ਰਧਾਨ ਮੰਤਰੀ ਨੇ ਭਾਰਤ ਅਤੇ ਫਰਾਂਸ ਦੇ ਦਰਮਿਆਨ ਵਪਾਰ ਅਤੇ ਆਰਥਿਕ ਸਹਿਯੋਗ ਦੇ ਵਿਸਤਾਰ ਅਤੇ ਇਸ ਨਾਲ ਦੋਹਾਂ ਦੇਸ਼ਾਂ ਦੇ ਦਰਮਿਆਨ ਰਣਨੀਤਿਕ ਸਾਂਝੇਦਾਰੀ ਨੂੰ ਮਿਲੇ ਪ੍ਰੋਤਸਾਹਨ ਦਾ ਉਲੇਖ ਕੀਤਾ। ਉਨ੍ਹਾਂ ਨੇ ਸਥਿਰ ਰਾਜਨੀਤਿਕ ਸਥਿਤੀ ਅਤੇ ਅਨੁਮਾਨਯੋਗ ਨੀਤੀਗਤ ਈਕੋਸਿਸਟਮ ’ਤੇ ਅਧਾਰਿਤ ਇੱਕ ਪਸੰਦੀਦਾ ਗਲੋਬਲ ਨਿਵੇਸ਼ ਮੰਜ਼ਿਲ ਦੇ ਰੂਪ ਵਿੱਚ ਭਾਰਤ ਦੇ ਆਕਰਸ਼ਣ ’ਤੇ ਪ੍ਰਕਾਸ਼ ਪਾਇਆ। ਹਾਲ ਹੀ ਦੇ ਬਜਟ ਵਿੱਚ ਐਲਾਨੇ ਗਏ ਸੁਧਾਰਾਂ ਬਾਰੇ ਗੱਲ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਬੀਮਾ ਸੈਕਟਰ ਹੁਣ 100% ਪ੍ਰਤੱਖ ਵਿਦੇਸ਼ੀ ਨਿਵੇਸ਼ (FDI) ਲਈ ਖੁੱਲ੍ਹਾ ਹੈ ਸਿਵਲ ਪ੍ਰਮਾਣੂ ਊਰਜਾ ਸੈਕਟਰ SMR ਅਤੇ AMR ਤਕਨਾਲੋਜੀਆਂ 'ਤੇ ਧਿਆਨ ਕੇਂਦਰਿਤ ਕਰਦਿਆਂ ਨਿੱਜੀ ਭਾਗੀਦਾਰੀ ਲਈ ਖੁੱਲ੍ਹਾ ਹੈ; ਕਸਟਮ ਦਰ ਦੇ ਢਾਂਚੇ ਨੂੰ ਤਰਕਸੰਗਤ ਬਣਾਇਆ ਗਿਆ ਹੈ; ਅਤੇ ਜੀਵਨ ਨੂੰ ਸੁਖਾਲਾ ਬਣਾਉਣ ਲਈ ਆਮਦਨ ਕਰ ਸੰਹਿਤਾ ਨੂੰ ਸਰਲ ਬਣਾਇਆ ਜਾ ਰਿਹਾ ਹੈ। ਸੁਧਾਰਾਂ ਨੂੰ ਜਾਰੀ ਰੱਖਣ ਦੀ ਸਰਕਾਰ ਦੀ ਵਚਨਬੱਧਤਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਵਿਸ਼ਵਾਸ ਅਧਾਰਿਤ ਆਰਥਿਕ ਸ਼ਾਸਨ ਸਥਾਪਿਤ ਕਰਨ ਲਈ ਰੈਗੂਲੇਟਰੀ ਸੁਧਾਰਾਂ ਲਈ ਇੱਕ ਉੱਚ ਪੱਧਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਸੇ ਭਾਵਨਾ ਨਾਲ, ਪਿਛਲੇ ਕੁਝ ਸਾਲਾਂ ਵਿੱਚ 40,000 ਤੋਂ ਵੱਧ ਅਨੁਪਾਲਣਾ ਨੂੰ ਤਰਕਸੰਗਤ ਬਣਾਇਆ ਗਿਆ ਹੈ।

3. ਪ੍ਰਧਾਨ ਮੰਤਰੀ ਨੇ ਫਰਾਂਸ ਕੰਪਨੀਆਂ ਨੂੰ ਰੱਖਿਆ, ਊਰਜਾ, ਰਾਜਮਾਰਗ, ਸਿਵਲ ਏਵੀਏਸ਼ਨ, ਪੁਲਾੜ, ਸਿਹਤ ਸੰਭਾਲ, ਫਿਨਟੈੱਕ ਅਤੇ ਟਿਕਾਊ ਵਿਕਾਸ ਸੈਕਟਰਾਂ ਵਿੱਚ ਭਾਰਤ ਦੀ ਵਿਕਾਸ ਗਾਥਾ ਵੱਲੋਂ ਪੇਸ਼ ਕੀਤੇ ਗਏ ਵਿਸ਼ਾਲ ਮੌਕਿਆਂ 'ਤੇ ਵਿਚਾਰ ਕਰਨ ਲਈ ਸੱਦਾ ਦਿੱਤਾ। ਭਾਰਤ ਦੇ ਕੌਸ਼ਲ, ਪ੍ਰਤਿਭਾ ਅਤੇ ਨਵੀਨਤਾ ਅਤੇ ਇਸਦੇ ਨਵੇਂ ਲਾਂਚ ਕੀਤੇ AI, ਸੈਮੀਕੰਡਕਟਰ, ਕੁਆਂਟਮ, ਕ੍ਰਿਟਿਕਲ ਮਿਨਰਲਸ ਅਤੇ ਹਾਈਡ੍ਰੋਜਨ ਮਿਸ਼ਨ ਦੀ ਵਿਸ਼ਵ ਪੱਧਰ 'ਤੇ ਸ਼ਲਾਘਾ ਅਤੇ ਉਨ੍ਹਾਂ ਵਿੱਚ ਦਿਖਾਈ ਗਈ ਰੁਚੀ ਨੂੰ ਰੇਖਾਂਕਿਤ ਕਰਦੇ ਹੋਏ, ਉਨ੍ਹਾਂ ਨੇ ਫਰਾਂਸੀਸੀ ਉੱਦਮਾਂ ਨੂੰ ਪਰਸਪਰ ਵਿਕਾਸ ਅਤੇ ਖੁਸ਼ਹਾਲੀ ਲਈ ਭਾਰਤ ਨਾਲ ਸਾਂਝੇਦਾਰੀ ਕਰਨ ਦਾ ਸੱਦਾ ਦਿੱਤਾ। ਉਹਨਾਂ ਨੇ ਇਨ੍ਹਾਂ ਸੈਕਟਰਾਂ ਵਿੱਚ ਸਰਗਰਮ ਸ਼ਮੂਲੀਅਤ ਦੀ ਮਹੱਤਤਾ ਨੂੰ ਰੇਖਾਂਕਿਤ ਕੀਤਾ, ਨਵੀਨਤਾ, ਨਿਵੇਸ਼ ਅਤੇ ਤਕਨਾਲੋਜੀ-ਸੰਚਾਲਿਤ ਸਾਂਝੇਦਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਦੋਵੇਂ ਦੇਸ਼ਾਂ ਦੀ ਪ੍ਰਤੀਬੱਧਤਾ ਦੀ ਪੁਸ਼ਟੀ ਕੀਤੀ। ਪ੍ਰਧਾਨ ਮੰਤਰੀ ਦਾ ਪੂਰਾ ਸੰਬੋਧਨ ਇੱਥੇ ਦੇਖਿਆ ਜਾ ਸਕਦਾ ਹੈ

4. ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ, ਦੇ ਨਾਲ ਨਾਲ ਯੂਰੋਪ ਅਤੇ ਫਰਾਂਸ ਦੇ ਵਿਦੇਸ਼ ਮਾਮਲਿਆਂ ਦੇ ਮੰਤਰੀ, ਮਹਾਮਹਿਮ ਜੀਨ-ਨੋਏਲ ਬੈਰੋਟ ਅਤੇ ਫਰਾਂਸ ਦੇ ਅਰਥਵਿਵਸਥਾ, ਵਿੱਤ ਅਤੇ ਉਦਯੋਗਿਕ ਅਤੇ ਡਿਜੀਟਲ ਅਖੰਡਤਾ ਮੰਤਰੀ, ਮਹਾਮਹਿਮ ਐਰਿਕ ਲੋਂਬਾਰਡ ਨੇ ਵੀ ਫੋਰਮ ਨੂੰ ਸੰਬੋਧਨ ਕੀਤਾ।

5. ਇਸ ਬੈਠਕ ਵਿੱਚ ਹਿੱਸਾ ਲੈਣ ਵਾਲੀਆਂ ਦੋਹਾਂ ਧਿਰਾਂ ਦੇ ਮੁੱਖ ਕਾਰਜਕਾਰੀ ਅਧਿਕਾਰੀ (CEO) ਸਨ:

ਭਾਰਤੀ ਪੱਖ:

| | **ਕੰਪਨੀ ਦਾ ਨਾਮ (ਸੈਕਟਰ)** | **ਨਾਮ ਅਤੇ ਅਹੁਦਾ** |
|---|---|---|
| 1 | ਜੁਬੀਲੈਂਟ ਫੂਡਵਰਕਸ/ਜੁਬੀਲੈਂਟ ਲਾਈਫ ਸਾਇੰਸਿਜ਼, ਭੋਜਨ ਅਤੇ ਪੇਅ ਪਦਾਰਥ | ਹਰੀ ਭਾਰਤੀਆ, ਸਹਿ-ਚੇਅਰਮੈਨ ਅਤੇ ਡਾਇਰੈਕਟਰ |
| 2. | CII | ਚੰਦ੍ਰਜੀਤ ਬੈਨਰਜੀ, ਡਾਇਰੈਕਟਰ ਜਨਰਲ |
| 3. | ਟੀਟਾਗੜ੍ਹ ਰੇਲ ਸਿਸਟਮ ਲਿਮਿਟੇਡ (TRSL), ਰੇਲਵੇ ਅਤੇ ਬੁਨਿਆਦੀ ਢਾਂਚਾ | ਉਮੇਸ਼ ਚੌਧਰੀ, ਵਾਇਸ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ |
| 4. | ਭਾਰਤ ਲਾਈਟ ਐਂਡ ਪਾਵਰ ਪ੍ਰਾਈਵੇਟ ਲਿਮਿਟੇਡ, (ਨਵਿਆਉਣਯੋਗ ਊਰਜਾ) | ਤੇਜਪ੍ਰੀਤ ਚੋਪੜਾ, ਪ੍ਰਧਾਨ ਅਤੇ CEO |
| 5. | ਪੀ ਮਫਤਲਾਲ ਗਰੁੱਪ, ਟੈਕਸਟਾਇਲ ਅਤੇ ਉਦਯੋਗਿਕ ਉਤਪਾਦ | ਵਿਸ਼ਦ ਮਫਤਲਾਲ, ਚੇਅਰਮੈਨ |
| 6. | ਬੋਟ, ਉਪਭੋਗਤਾ ਇਲੈਕਟ੍ਰਾਨਿਕਸ (ਵੀਅਰੇਬਲਸ) | ਅਮਨ ਗੁਪਤਾ, ਸਹਿ-ਸੰਸਥਾਪਕ |
| 7. | ਦਲਿਤ ਇੰਡੀਅਨ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ (DICCI), ਕਾਰੋਬਾਰ ਸਬੰਧੀ ਵਕਾਲਤ ਅਤੇ ਸਮਾਵੇਸ਼ਨ | ਮਿਲਿੰਦ ਕਾਂਬਲੇ, ਸੰਸਥਾਪਕ/ਚੇਅਰਮੈਨ |
| 8. | ਸਕਾਈਰੂਟ ਏਅਰੋਸਪੇਸ, ਏਅਰੋਸਪੇਸ ਅਤੇ ਪੁਲਾੜ ਅਤੇ ਤਕਨਾਲੋਜੀ | ਪਵਨ ਕੁਮਾਰ ਚੰਦਨਾ, ਸਹਿ-ਸੰਸਥਾਪਕ |

| | | |
|---|---|---|
| 9. | ਅਗਨੀਕੁਲ, ਏਅਰੋਸਪੇਸ ਅਤੇ ਪੁਲਾੜ ਅਤੇ ਤਕਨਾਲੋਜੀ | ਸ਼੍ਰੀਨਾਥ ਰਵੀਚੰਦ੍ਰਨ, ਸਹਿ-ਸੰਸਥਾਪਕ ਅਤੇ CEO |
| 10. | ਟਾਟਾ ਐਡਵਾਂਸਡ ਸਿਸਟਮ ਲਿਮਿਟੇਡ, ਏਅਰੋਸਪੇਸ ਅਤੇ ਰੱਖਿਆ | ਸੁਕਰਨ ਸਿੰਘ, ਮੈਨੇਜਿੰਗ ਡਾਇਰੈਕਟਰ |
| 11 | UPL ਗਰੁੱਪ, ਐਗਰੋਕੈਮੀਕਲ ਅਤੇ ਐਗਰੀਬਿਜ਼ਨੈਸ | ਵਿਕਰਮ ਸ਼ਰਾਫ, ਵਾਇਸ ਚੇਅਰਮੈਨ ਅਤੇ ਸਹਿ-CEO |
| 12. | ਸੁਲਾ ਵਾਇਨਯਾਰਡਸ, ਭੋਜਨ ਅਤੇ ਪੇਅ ਪਦਾਰਥ | ਰਾਜੀਵ ਸਾਮੰਤ, CEO |
| 13. | ਡਾਇਨਾਮੈਟਿਕ ਟੈਕਨੋਲੋਜੀਜ਼ ਲਿਮਿਟਿਡ, ਏਅਰੋਸਪੇਸ ਅਤੇ ਰੱਖਿਆ ਅਤੇ ਇੰਜੀਨੀਅਰਿੰਗ | ਉਦਯੰਤ ਮਲਹੋਤਰਾ, CEO ਅਤੇ ਮੈਨੇਜਿੰਗ ਡਾਇਰੈਕਟਰ |
| 14. | ਟਾਟਾ ਕੰਸਲਟਿੰਗ ਇੰਜੀਨੀਅਰਸ (TCE), ਇੰਜੀਨੀਅਰਿੰਗ ਅਤੇ ਕੰਸਲਟਿੰਗ | ਅਮਿਤ ਸ਼ਰਮਾ, ਮੈਨੇਜਿੰਗ ਡਾਇਰੈਕਟਰ ਅਤੇ CEO |
| 15. | ਨਾਯਕਾ, ਕਾਸਮੈਟਿਕਸ ਅਤੇ ਉਪਭੋਗਤਾ ਉਤਪਾਦ | ਫਾਲਗੁਨੀ ਨਾਇਰ, CEO |

**ਫਰਾਂਸੀਸੀ ਪੱਖ:**

| | **ਕੰਪਨੀ ਦਾ ਨਾਮ (ਸੈਕਟਰ)** | **ਨਾਮ ਅਤੇ ਅਹੁਦਾ** |
|---|---|---|
| 1 | ਏਅਰ ਬੱਸ, ਏਰੋਸਪੇਸ ਅਤੇ ਰੱਖਿਆ | ਗਿਲਾਉਮ ਫੌਰੀ, CEO |
| 2. | ਏਅਰ ਲਿਕੁਇਡ, ਰਸਾਇਣ, ਸਿਹਤ ਸੰਭਾਲ, ਇੰਜੀਨੀਅਰਿੰਗ | ਫ੍ਰਾਂਸਵਾ ਜੈਕੋ, CEO ਅਤੇ ਏਅਰ ਲਿਕਵਿਡ ਗਰੁੱਪ ਦੇ ਡਾਇਰੈਕਟਰ ਬੋਰਡ ਦੇ ਸਦੱਸ |
| 3. | ਬਲਾਬਲਾਕਾਰ, ਟ੍ਰਾਂਸਪੋਰਟ, ਸੇਵਾਵਾਂ | ਨਿਕੋਲਸ ਬਰੂਸਨ, CEO ਅਤੇ ਸਹਿ-ਸੰਸਥਾਪਕ |
| 4 | ਕੈਪਜੇਮਿਨੀ ਗਰੁੱਪ, ਸੂਚਨਾ ਤਕਨਾਲੋਜੀ, ਇੰਜੀਨੀਅਰਿੰਗ | ਐਮਾਨ ਇੱਜ਼ਤ, CEO |

| | | |
|---|---|---|
| 5 | ਡੈਨੋਨ, ਭੋਜਨ ਅਤੇ ਪੇਅ ਪਦਾਰਥ | ਐਂਟੋਨੀ ਡੀ ਸੈਂਟ-ਅਫਰੀਕੇ, CEO |
| 6 | EDF, ਊਰਜਾ, ਪਾਵਰ | ਲਿਊਕ ਰੇਮੋਂਟ, ਚੇਅਰਮੈਨ ਅਤੇ CEO |
| 7 | ਏਜਿਸ ਗਰੁੱਪ, ਆਰਕੀਟੈਕਚਰ ਕੰਸਟ੍ਰਕਸ਼ਨ ਇੰਜੀਨੀਅਰਿੰਗ | ਲੌਰੇਂਟ ਜਰਮੇਨ, CEO |
| 8. | ਐਂਜੀ ਗਰੁੱਪ, ਊਰਜਾ, ਨਵਿਆਉਣਯੋਗ ਊਰਜਾ | ਕੈਥਰੀਨ ਮੈਕਗ੍ਰੇਗਰ, ਐਂਜੀ ਦੀ CEO ਅਤੇ ਬੋਰਡ ਸਦੱਸ |
| 9 | ਲੋਰੀਅਲ, ਕਾਸਮੈਟਿਕਸ ਅਤੇ ਉਪਭੋਗਤਾ ਉਤਪਾਦ | ਨਿਕੋਲਸ ਹਿਰੋਨਿਮਸ, CEO ਅਤੇ ਬੋਰਡ ਆਫ ਡਾਇਰੈਕਟਰਸ ਦੇ ਸਦੱਸ |
| 10 | ਮਿਸਟ੍ਰਲ AI, ਆਰਟੀਫਿਸ਼ਲ ਇੰਟੈਲੀਜੈਂਸ | ਆਰਥਰ ਮੈਨਸ਼, CEO ਅਤੇ ਸਹਿ-ਸੰਸਥਾਪਕ |
| 11 | ਨੇਵਲ ਗਰੁੱਪ, ਸੈਨਿਕ ਰੱਖਿਆ, ਜਹਾਜ਼ ਨਿਰਮਾਣ, ਇੰਜੀਨੀਅਰਿੰਗ | ਪਿਅਰੇ ਐਰਿਕ ਪੌਮਲੇਟ, ਚੇਅਰਮੈਨ ਅਤੇ CEO |
| 12. | ਪੈਰਨੋਡ ਰਿਕਾਰਡ, ਅਲਕੋਹਲ ਪੇਅ ਪਦਾਰਥ, FMCG | ਅਲੈਗਜ਼ੈਂਡਰ ਰਿਕਾਰਡ, ਚੇਅਰਮੈਨ ਅਤੇ CEO |
| 13 | ਸਫਰਾਨ, ਏਅਰੋਸਪੇਸ ਅਤੇ ਰੱਖਿਆ | ਓਲਿਵਿਅਰ ਐਂਡ੍ਰਿਅਸ, CEO |
| 14. | ਸੇਰਵਿਏਰ, ਫਾਰਮਾਸਿਊਟੀਕਲਸ, ਸਿਹਤ ਸੰਭਾਲ | ਓਲਿਵਿਅਰ ਲੌਰੋ, ਪ੍ਰੈਜ਼ੀਡੈਂਟ ਅਤੇ CEO |
| 15 | ਟੋਟਲ ਐਨਰਜੀ SE, ਊਰਜਾ | ਪੈਟ੍ਰਿਕ ਪੌਯਾਨੇ, ਚੇਅਰਮੈਨ ਅਤੇ CEO |
| 16 | ਵਿਕੈਟ, ਨਿਰਮਾਣ | ਗਾਇ ਸਿਡੋਸ, ਚੇਅਰਮੈਨ ਅਤੇ CEO |

ਪੈਰਿਸ

11 ਫਰਵਰੀ, 2025